# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਪ.ਸ.ਸ.ਬ ਕੰਪਲੈਕਸ, ਪੰਜਵੀਂ ਮੰਜ਼ਿਲ, ਈ-ਬਲਾਕ, ਫੇਜ਼ - 8, ਜ਼ਿਲ੍ਹਾ - ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ

ਫੋਨ ਨੰ: - 0172-5212313, 370 ਫੈਕਸ ਨੰ: - 0172-5212359


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ./ਐ.ਸਿ.)
ਸਮੂਹ ਸਕੂਲ-ਮੁਖੀ (ਵੈਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ.: ਸਸਅ/2016/ਵਧੀਕ ਐਸ.ਪੀ.ਡੀ./ 3541
ਮਿਤੀ : 3.3.16

**ਵਿਸ਼ਾ: ਬੀਤੇ ਪੰਜ ਸਾਲਾਂ ਦੌਰਾਨ ਬੱਚਿਆਂ ਦੀ ਲਗਾਤਾਰ ਘੱਟ ਰਹੀ enrolement ਦਾ ਰੁਝਾਨ ਪ੍ਰਦਰਸ਼ਿਤ ਕਰ ਰਹੇ ਹਰ ਜ਼ਿਲ੍ਹੇ ਦੇ ਪੰਜ-ਪੰਜ ਪ੍ਰਾਇਮਰੀ/ ਮਿਡਲ/ ਸੈਕੰਡਰੀ/ ਸੀਨੀਅਰ ਸੈਕੰਡਰੀ ਸਕੂਲਾਂ ਦੀ ਸ਼ਨਾਖਤ ਕਰਨ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮਿਡਲ ਜਮਾਤਾਂ ਤੱਕ ਮੁਫ਼ਤ ਪਾਠ-ਪੁਸਤਕਾਂ, ਮਿਡ-ਡੇ-ਮੀਲ, ਵਰਦੀ, ਮੁਫ਼ਤ ਵਿੱਦਿਆ, ਸੈਕੰਡਰੀ ਅਤੇ ਸੀਨੀਆਰ ਸੈਕੰਡਰੀ ਪੱਧਰ 'ਤੇ ਵੀ ਕੁਝ ਵਰਗਾਂ ਦੇ ਬੱਚਿਆਂ ਦੀ ਨਾ-ਮਾਤਰ ਫ਼ੀਸ ਜਿਹੀਆਂ ਸਹੂਲਤਾਂ ਹੋਣ, ਹਾਜ਼ਰੀ ਵਜ਼ੀਫਾ ਅਤੇ ਹੋਰ ਕਈ ਤਰ੍ਹਾਂ ਦੀਆਂ ਵਿੱਦਿਅਕ ਭਲਾਈ ਸਕੀਮਾਂ ਰਾਹੀਂ ਬੱਚਿਆਂ ਨੂੰ ਆਰਥਿਕ ਮਦਦ ਉਪਲਬਧ ਕਰਵਾਉਣ ਦੇ ਬਾਵਜੂਦ ਬੀਤੇ ਵਰ੍ਹਿਆਂ ਦੌਰਾਨ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ enrolement ਵਿੱਚ ਗਿਰਾਵਟ ਦਰਜ਼ ਕੀਤੀ ਜਾ ਰਹੀ ਹੈ, ਜੋ ਸਰਕਾਰ ਅਤੇ ਵਿਭਾਗ ਲਈ ਚਿੰਤਾ ਦਾ ਵਿਸ਼ਾ ਹੈ।

ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਲਗਾਤਾਰ ਘੱਟ ਰਹੀ enrolement ਦਾ ਜਾਇਜ਼ਾ ਲੈਣ ਲਈ ਹਾਲ ਦੀ ਘੜੀ ਹਰ ਜ਼ਿਲ੍ਹੇ ਦੇ ਪੰਜ-ਪੰਜ ਸਰਕਾਰੀ ਪ੍ਰਾਇਮਰੀ/ ਮਿਡਲ/ ਸੈਕੰਡਰੀ/ ਸੀਨੀਅਰ ਸੈਕੰਡਰੀ ਸਕੂਲਾਂ, ਜਿਨ੍ਹਾਂ ਵਿੱਚ ਬੀਤੇ ਪੰਜ ਵਰ੍ਹਿਆਂ ਦੌਰਾਨ ਬੱਚਿਆਂ ਦੇ ਦਾਖ਼ਲੇ ਦੀ ਗਿਣਤੀ ਲਗਾਤਾਰ ਘੱਟ ਤੋਂ ਘੱਟ ਹੁੰਦੀ ਜਾ ਰਹੀ ਹੈ, ਦਾ ਡਾਟਾ ਮੰਗਿਆ ਗਿਆ ਹੈ। ਨਾਲ ਹੀ ਇਹਨਾਂ ਸਕੂਲਾਂ

ਵਿੱਚ ਬੱਚਿਆਂ ਦੀ **enrolement** ਲਗਾਤਾਰ ਘਟਣ ਦੇ ਕਾਰਨਾਂ ਸੰਬੰਧੀ ਸੰਬੰਧਿਤ ਸਕੂਲ-ਮੁਖੀ ਵੱਲੋਂ ਦਿੱਤਾ ਸਪੱਸ਼ਟੀਕਰਨ, ਸੰਬੰਧਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਟਿੱਪਣੀ ਸਹਿਤ ਭੇਜਿਆ ਜਾਵੇ, ਤਾਂ ਜੋ ਸਮੱਸਿਆ ਦੇ ਹੱਲ ਲਈ ਸਰਕਾਰ ਦੇ ਪੱਧਰ 'ਤੇ ਵਿਚਾਰਿਆ ਜਾ ਸਕੇ।

ਬੱਚਿਆਂ ਦੀ **enrolement** ਦਾ ਇਹ ਡਾਟਾ ਸਕੂਲ ਰਿਕਾਰਡ ਅਨੁਸਾਰ ਸੰਬੰਧਿਤ ਵਿੱਦਿਅਕ ਵਰ੍ਹੇ ਦੀ 30 ਸਤੰਬਰ ਦੀ ਸਥਿਤੀ ਅਨੁਸਾਰ ਭੇਜਿਆ ਜਾਣਾ ਹੈ। ਮੰਗੀ ਗਈ ਸੂਚਨਾ ਹੇਠ ਲਿਖੇ ਪ੍ਰੋਫ਼ਾਰਮੇ ਵਿੱਚ ਭਰਕੇ 10 ਮਾਰਚ ਤੱਕ additionalspd2015@gmail.com ਤੇ ਅੱਪਲੋਡ ਕਰਨੀ ਯਕੀਨੀ ਬਣਾਈ ਜਾਵੇ ਅਤੇ ਸਪੱਸ਼ਟੀਕਰਨ ਅਤੇ ਟਿੱਪਣੀ ਦੀ ਹਾਰਡ-ਕਾਪੀ ਨਿਮਨਹਸਤਾਖ਼ਰੀ ਨੂੰ ਦਸਤੀ/ਡਾਕ ਰਾਹੀਂ ਪੁੱਜਦੀ ਕੀਤੀ ਜਾਵੇ।

| ਲੜੀ ਨੰ. | ਜ਼ਿਲ੍ਹਾ | ਬਲਾਕ | ਸਕੂਲ ਦਾ ਨਾਮ | ਸਕੂਲ ਦੇ ਕੁੱਲ ਵਿਦਿਆਰਥੀਆਂ ਦੀ ਗਿਣਤੀ (ਮਿਤੀ 30 ਸਤੰਬਰ ਅਨੁਸਾਰ) | | | | |
|---|---|---|---|---|---|---|---|---|
| | | | | 2011-12 | 2012-13 | 2013-14 | 2014-15 | 2015-16 |
| | | | | | | | | |

ਇਸ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

**ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ**